## ਪੰਜਾਬ ਵਿਧਾਨ ਸਭਾ ਸਕੱਤਰੇਤ

ਵੀਰਵਾਰ, ਮਿਤੀ 04 ਮਾਰਚ, 2021 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ
ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।

### 118 ਕਰੋੜ ਰੁਪਏ ਕੀਮਤ ਦੀ ਲਕੜੀ ਦੀ ਜਾਂਚ ਪੜਤਾਲ

536. **ਸਰਦਾਰ ਕੁਲਤਾਰ ਸਿੰਘ ਸੰਧਵਾ, ਐਮ.ਐਲ.ਏ.**:- ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪੰਜਾਬ ਸਟੇਟ ਫੋਰੈਸਟ ਡਿਵੈਲਪਮੈਂਟ ਕਾਰਪੋਰੇਸ਼ਨ ਵੱਲੋਂ ਸਾਲ 2018-19 ਵਿੱਚ ਉੱਤਰ ਪ੍ਰਦੇਸ਼ ਵਿਖੇ ਕੁੰਭ ਦੇ ਮੇਲੇ ਲਈ 118 ਕਰੋੜ ਕੀਮਤ ਦੀ ਸਾਲੂ ਦੀ ਲਕੜੀ ਅਗਾਂਹ ਸਪਲਾਇਰਜ ਪਾਸੋਂ ਟੈਂਡਰ ਮੰਗ ਕੇ ਸਪਲਾਈ ਕੀਤੀ ਗਈ ਸੀ;

ਅ) ਕੀ ਇਹ ਵੀ ਠੀਕ ਹੈ ਕਿ ਇਹ ਲੱਕੜ ਸਪਲਾਈ ਕਰਨ ਲਈ ਮੰਗੇ ਗਏ ਟੈਂਡਰਾਂ ਦੀਆਂ ਸ਼ਰਤਾਂ ਅਤੇ ਵਿੱਤੀ ਨਿਯਮਾਂ ਦੀ ਉਲੰਘਣਾਂ ਕਰਕੇ ਚਹੇਤੀਆਂ ਫਰਮਾਂ ਨੂੰ ਸਪਲਾਈ ਆਰਡਰ ਦਿੱਤਾ ਗਿਆ ਸੀ ਜਿਸ ਕਰਕੇ ਪੰਜਾਬ ਸਰਕਾਰ ਨੇ ਇਸ ਸਬੰਧ ਵਿੱਚ ਸੀ.ਬੀ.ਆਈ ਨੂੰ ਪੜਤਾਲ ਕਰਨ ਲਈ ਕੇਸ ਭੇਜਿਆ ਸੀ;

ੲ) ਕੀ ਇਹ ਵੀ ਠੀਕ ਹੈ ਕਿ ਰਾਜਸੀ ਦਬਾਅ ਕਾਰਨ ਸੀ.ਬੀ.ਆਈ ਨੇ ਇਸ ਕੇਸ ਦੀ ਪੜਤਾਲ ਨਹੀ ਕੀਤੀ ਅਤੇ ਵਿਜੀਲੈਂਸ ਵਿਭਾਗ, ਪੰਜਾਬ ਨੂੰ ਕੇਸ ਭੇਜ ਦਿੱਤਾ ਸੀ, ਜੇਕਰ ਅਜਿਹਾ ਹੋਵੇ ਤਾਂ ਇਸ ਪੜਤਾਲ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸ ਘਪਲੇ ਵਿੱਚ ਕਿਹੜੇ ਕਿਹੜੇ ਰਾਜਸੀ ਨੇਤਾ, ਅਧਿਕਾਰੀ ਅਤੇ ਪ੍ਰਾਈਵੇਟ ਵਿਅਕਤੀ ਸ਼ਾਮਲ ਹਨ?

### ਲੁਧਿਆਣਾ ਦੇ ਸ਼ਾਪਿੰਗ ਕੰਪਲੈਕਸ ਦੀ ਆਕਸ਼ਨ

537. **ਸਰਦਾਰ ਕੁਲਤਾਰ ਸਿੰਘ ਸੰਧਵਾ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਲੁਧਿਆਣਾ ਵਿੱਖੇ 12 ਸਾਲ ਪਹਿਲਾਂ ਸਾਲ 2007 ਵਿੱਚ 200 ਕਰੋੜ ਰੁਪਏ ਦੀ ਲਾਗਤ ਨਾਲ ਸ਼ਾਪਿੰਗ ਕੰਪਲੈਕਸ ਲੁਧਿਆਣਾ ਨਗਰ ਸੁਧਾਰ ਟਰੱਸਟ ਵੱਲੋਂ ਤਿਆਰ ਕੀਤਾ ਗਿਆ ਸੀ;

ਅ) ਕੀ ਇਹ ਵੀ ਠੀਕ ਹੈ ਕਿ 12 ਸਾਲ ਦੇ ਅਰਸੇ ਦੌਰਾਨ ਇਸ ਸ਼ਾਪਿੰਗ ਕੰਪਲੈਕਸ ਦੀ ਆਕਸ਼ਨ ਨਹੀ ਹੋਈ ਜਿਸ ਕਰਕੇ ਇਹ ਖੰਡਰ ਦਾ ਰੂਪ ਧਾਰਨ ਕਰ ਰਿਹਾ ਹੈ ਅਤੇ ਬਿਜਲੀ ਦਾ ਸਮਾਨ, ਦਰਵਾਜੇ ਆਦਿ ਚੋਰੀ ਹੋ ਰਹੇ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਸ਼ਾਪਿੰਗ ਕੰਪਲੈਕਸ ਨੂੰ 12 ਸਾਲ ਦੇ ਅਰਸੇ ਵਿੱਚ ਆਕਸ਼ਨ ਨਾ ਕਰਨ ਦੇ ਕੀ ਕਾਰਨ ਹਨ?

### ਡੀ.ਜੀ.ਪੀ. ਜੇਲ੍ਹਾਂ ਦੁਆਰਾ ਕੈਦੀਆਂ ਬਾਰੇ ਜਾਣਕਾਰੀ ਨਾ ਦੇਣਾ

538. **ਸਰਦਾਰ ਕੁਲਤਾਰ ਸਿੰਘ ਸੰਧਵਾ, ਐਮ.ਐਲ.ਏ.**:- ਕੀ ਜੇਲ੍ਹ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਵਿੱਚ ਸਥਿਤ ਜੇਲ੍ਹਾਂ ਦੀ ਸਮਰੱਥਾ ਕਿੰਨੀ ਹੈ ਅਤੇ ਇਨ੍ਹਾਂ ਵਿਚ ਕਿੰਨੇ ਬੰਦੀ ਅਤੇ ਕੈਦੀ ਹਨ;

ਅ) ਕੀ ਇਹ ਠੀਕ ਹੈ ਕਿ 16 ਅਕਤੂਬਰ 2018 ਨੂੰ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਡੀ.ਜੀ.ਪੀ. (ਜੇਲਾਂ) ਪਾਸੋਂ ਰਿਪੋਰਟ ਮੰਗੀ ਗਈ ਸੀ ਕਿ ਜੇਲਾਂ ਦੀ ਸਮਰੱਥਾ ਕਿੰਨੀ ਹੈ ਅਤੇ ਇਨ੍ਹਾਂ ਵਿੱਚ ਕਿੰਨੇ ਬੰਦੀ ਅਤੇ ਕੈਦੀ ਹਨ ਪਰੰਤੂ ਇਸ ਦਾ ਜਵਾਬ ਅੱਜ ਤੱਕ ਨਹੀ ਦਿੱਤਾ ਗਿਆ;

ੲ) ਜੇਕਰ ਭਾਗ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਡੀ.ਜੀ.ਪੀ. (ਜੇਲਾਂ) ਵੱਲੋਂ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੂੰ 18 ਮਹੀਨੇ ਤੱਕ ਰਿਪੋਰਟ ਨਾ ਭੇਜਣੀ ਕਿਸ ਤਰਾਂ ਵਾਜਵ ਹੈ ਅਤੇ ਡੀ.ਜੀ.ਪੀ. (ਜੇਲ੍ਹਾਂ) ਦੇ ਖਿਲਾਫ ਪੰਜਾਬ ਸਰਕਾਰ ਕੀ ਕਾਰਵਾਈ ਕਰ ਰਹੀ ਹੈ?

### ਸਰਕਾਰੀ ਕਾਲਜਾਂ ਦਾ ਸਿੱਖਿਆ ਪੱਧਰ ਉੱਚਾ ਕਰਨਾ

539. **ਸਰਦਾਰ ਕੁਲਤਾਰ ਸਿੰਘ ਸੰਧਵਾ, ਐਮ.ਐਲ.ਏ.**:- ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚੋਂ 1873 ਪ੍ਰਵਾਨਿਤ ਅਸਾਮੀਆਂ ਵਿੱਚੋਂ 1300 ਤੋਂ ਵੱਧ ਅਸਾਮੀਆਂ ਖਾਲੀ ਪਈਆਂ ਹਨ;

ਅ) ਕੀ ਇਹ ਵੀ ਠੀਕ ਹੈ ਕਿ ਪੰਜਾਬ ਦੇ 51 ਸਰਕਾਰੀ ਕਾਲਜਾਂ ਦੀਆਂ ਇਮਾਰਤਾਂ ਦੀ ਮੁਰੰਮਤ ਲਈ ਸਰਕਾਰ ਵੱਲੋਂ ਲੋੜੀਦੇ ਫੰਡਜ ਜਾਰੀ ਨਹੀ ਕੀਤੇ ਜਾ ਰਹੇ;

ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਪੰਜਾਬ ਸਰਕਾਰ ਕਾਲਜਾਂ ਵਿੱਚ ਸਿੱਖਿਆ ਦੇ ਪੱਧਰ ਨੂੰ ਕਿਸ ਤਰਾਂ ਉੱਚਾ ਚੁੱਕੇਗੀ?

### ਬੁੱਢਲਾਡਾ ਵਿਖੇ ਪਸ਼ੂ ਪਾਲਣ ਵਿਭਾਗ ਦੀਆਂ ਖਾਲੀ ਅਸਾਮੀਆਂ

565. **ਸ਼੍ਰੀ ਬੁੱਧ ਰਾਮ, ਐਮ.ਐਲ.ਏ.**:- ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬੁੱਢਲਾਡਾ ਵਿੱਚ ਪਸ਼ੂ ਪਾਲਣ ਮਹਿਕਮੇ ਵਿੱਚ ਡਾਕਟਰਾਂ, ਵੈਟਨਰੀ ਇਨਸਪੈਕਟਰਾਂ ਅਤੇ ਦਰਜਾ ਚਾਰ ਕਰਮਚਾਰੀਆਂ ਦੀਆਂ ਪੋਸਟਾਂ ਵੱਡੀ ਪੱਧਰ ਤੇ ਖਾਲੀ ਹਨ; ਜੇਕਰ ਅਜਿਹਾ ਹੋਵੇ ਤਾਂ ਕਿੰਨੀਆਂ ਪੋਸਟਾਂ ਕਿਹੜੇ ਕਿਹੜੇ ਵਰਗ ਦੀਆਂ ਖਾਲੀ ਹਨ ਅਤੇ ਇਹ ਪੋਸਟਾਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

### ਬੁੱਢਲਾਡਾ ਦੇ ਬੋਹਾ ਰਜਵਾਹੇ ਦੀ ਮੁਰੰਮਤ

566. **ਸ਼੍ਰੀ ਬੁੱਧ ਰਾਮ, ਐਮ.ਐਲ.ਏ.**:- ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬੁੱਢਲਾਡਾ ਦੇ ਬੋਹਾ ਰਜਵਾਹੇ ਦੀ ਪਿਛਲੇ 18-20 ਸਾਲਾਂ ਤੋਂ ਮੁਰੰਮਤ ਨਾ ਹੋਣ ਕਰਕੇ ਟੇਲਾਂ ਵਾਲੇ ਪਿੰਡਾਂ ਹਾਕਮ ਵਾਲਾ, ਫਰੀਦ ਕੇ, ਸੰਦਲੀ, ਮਲਕੋ, ਦਲੇਲਵਾਲਾ, ਅਕਾਂਵਾਲੀ, ਟਾਹਲੀਆ, ਜੋਈਆਂ, ਸੰਢਾਲੀ ਅਤੇ ਨੰਦਗੜ੍ਹ ਵਿੱਚ ਸਿੰਚਾਈ ਪਾਣੀ ਨਹੀਂ ਪਹੁੰਚਦਾ; ਜੇਕਰ ਅਜਿਹਾ ਹੋਵੇ ਤਾਂ ਬੋਹਾ ਰਜਵਾਹੇ ਦੀ ਨਵ ਉਸਾਰੀ ਕਦੋਂ ਤੱਕ ਅਤੇ ਕਿੰਨੇ ਸਮੇਂ ਵਿੱਚ ਕਰਨ ਦਾ ਵਿਚਾਰ ਹੈ ?

### ਬੁੱਢਲਾਡਾ ਰੇਲਵੇ ਲਾਈਨ ਤੇ ਬਣੇ ਓਵਰ ਬਰਿੱਜ ਤੇ ਲਾਈਟਾਂ ਲਗਾਉਣਾ

567. **ਸ਼੍ਰੀ ਬੁੱਧ ਰਾਮ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬੁੱਢਲਾਡਾ ਵਿਖੇ ਰੇਲਵੇ ਲਾਈਨ ਤੇ ਬਣੇ ਓਵਰ ਬਰਿੱਜ ਉਪਰ ਪਿਛਲੇ ਦੋ ਸਾਲਾਂ ਤੋਂ ਲਾਈਟਾਂ ਨਾ ਹੋਣ ਕਰਕੇ ਅਕਸਰ ਹੀ ਐਕਸੀਡੈਂਟ ਹੁੰਦੇ ਰਹਿੰਦੇ ਹਨ; ਜੇਕਰ ਅਜਿਹਾ ਹੈ ਤਾਂ ਇਸ ਪੁੱਲ ਤੇ ਲਾਈਟਾਂ ਕਦੋਂ ਤੱਕ ਲੱਗ ਜਾਣਗੀਆਂ?

### ਬੁੱਢਲਾਡਾ ਦੇ ਪਿੰਡਾਂ ਦੀਆਂ ਸੜਕਾਂ ਦੀ ਮੁਰੰਮਤ

568. **ਸ਼੍ਰੀ ਬੁੱਧ ਰਾਮ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਬ ਡਵੀਜ਼ਨ ਬੁੱਢਲਾਡਾ ਦੇ ਪਿੰਡ ਫੁਲੂਵਾਲਾ ਡੋਗਰਾ ਤੋਂ ਮਲ ਸਿੰਘ ਵਾਲਾ, ਕਾਸਿਮਪੁਰ ਛੀਨਾ, ਆਲਮਪੁਰ ਮੰਦਰਾ ਅਤੇ ਉਡਤ ਸੈਦੇਵਾਲਾ ਤੱਕ ਬਣੀ ਸੜਕ ਥਾਂ ਥਾਂ ਤੋਂ ਟੁੱਟ ਚੁੱਕੀ ਹੈ; ਜੇਕਰ ਅਜਿਹਾ ਹੈ ਤਾਂ ਇਨ੍ਹਾਂ ਪਿੰਡਾਂ ਨੂੰ ਜੋੜਨ ਵਾਲੀ ਸੜਕ ਕਦੋਂ ਤੱਕ ਮੁਰੰਮਤ ਕਰਵਾ ਦਿੱਤੀ ਜਾਵੇਗੀ ਅਤੇ ਕੀ ਸਰਕਾਰ ਇਹ ਸੜਕ 18 ਫੁੱਟ ਕਰਨ ਦਾ ਵਿਚਾਰ ਰੱਖਦੀ ਹੈ?

### ਡਿਪਲੋਮਾ ਕੋਰਸਿਜ਼ ਵਿੱਚ ਖਾਲੀ ਪਈਆਂ ਸੀਟਾਂ ਦੇ ਕਾਰਨ

579. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.**:- ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਡਿਪਲੋਮਾ ਕੋਰਸਿਜ਼ ਵਿੱਚ ਦਾਖਲੇ ਵਾਸਤੇ ਲਈ ਜਾਣ ਵਾਲੀ ਦਾਖਲਾ ਪ੍ਰੀਖਿਆ ਜੇ.ਈ.ਟੀ. ਨੂੰ ਬੰਦ ਕਰਨ ਦੇ ਅਤੇ ਸਰਕਾਰੀ ਬਹੁਤਕਨੀਕੀ ਕਾਲਜਾਂ ਵਿੱਚ ਚੱਲਦੇ ਡਿਪਲੋਮਾ ਕੋਰਸਿਜ਼ ਦੀਆਂ ਬਹੁਤ ਸਾਰੀਆਂ ਸੀਟਾਂ ਖਾਲੀ ਰਹਿਣ ਪਿੱਛੇ ਕੀ ਕਾਰਨ ਹਨ?

### ਤਕਨੀਕੀ ਸਿੱਖਿਆਂ ਬੋਰਡ ਵੱਲੋਂ, ਡਿਪਲੋਮਾ ਕੋਰਸਿਜ਼ ਦੀਆਂ ਟੈਕਸਟ ਬੁਕਸ ਪ੍ਰਕਾਸ਼ਤ ਕਰਨਾ

582. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.**:- ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਰਾਜ ਤਕਨੀਕੀ ਸਿੱਖਿਆ ਬੋਰਡ ਵੱਲੋਂ ਡਿਪਲੋਮਾ ਕੋਰਸਿਜ਼ ਨਾਲ ਸਬੰਧਤ ਕਿਹੜੀਆਂ-ਕਿਹੜੀਆਂ ਟੈਕਸਟ ਬੁਕਸ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਹਨ?

ਪਰਤੋਂ ਜੀ.....

**ਕਾਲਜਾਂ ਦੀਆਂ ਲੈਬਾਰਟਰੀਆਂ ਵਿੱਚ ਨਾਨ ਕੰਜ਼ਿਊਮੇਬਲ ਸਮਾਨ ਦੀ ਖਰੀਦ**

583. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.**:- ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕਾਲਜ਼ ਵਾਰ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਲੈਬਾਰਟਰੀਆਂ ਵਿੱਚ ਨਾਨ ਕੰਜਿਊਮੇਬਲ ਸਮਾਨ ਦੀ ਖਰੀਦ ਕਦੋਂ-ਕਦੋਂ ਹੋਈ ਸੀ ਕੀ ਹਰ ਲੈਬ ਅਪ-ਟੂ-ਡੇਟ ਹੈ ਜਾਂ ਬਹੁਤ ਪੁਰਾਣੇ ਸਮਾਨ ਨਾਲ ਹੀ ਕੰਮ ਚਲਾਇਆ ਜਾ ਰਿਹਾ ਹੈ?

**ਅਸਾਮੀਆਂ ਦੀ ਸਿਰਜਣਾ ਕਰਨ ਸਬੰਧੀ ਨਿਯਮ**

584. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.**:- ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਸਾਮੀਆਂ ਦੀ ਸਿਰਜਣਾ ਕਰਨ ਸਬੰਧੀ ਨਿਯਮ ਨਵੇਂ ਖੁਲ੍ਹੇ ਸੱਤ ਅਤੇ ਪੁਰਾਣੇ ਚੱਲ ਰਹੇ ਕਾਲਜਾਂ ਵਾਸਤੇ ਇੱਕੋ ਜਿਹੇ ਹਨ, ਜੇ ਨਹੀਂ ਤਾਂ ਇਨ੍ਹਾਂ ਨਿਯਮਾਂ ਚ ਕੀ ਫਰਕ ਹੈ?

**ਮਨਿਸਟੀਰੀਅਲ ਸਟਾਫ ਦੇ E.T.O ਦੀ ਪਦ ਉਨਤੀ ਦਾ ਕੋਟਾ ਬਹਾਲ ਕਰਨਾ**

614. **ਸਰਦਾਰ ਗੁਰਕੀਰਤ ਸਿੰਘ ਕੋਟਲੀ,ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਆਬਕਾਰੀ ਅਤੇ ਕਰ ਵਿਭਾਗ ਵਿੱਚ ਸਾਲ 2012 ਤੋਂ ਪਹਿਲਾਂ ਈ.ਟੀ.ਓ. ਦੀਆਂ 50 ਪ੍ਰਤੀਸ਼ਤ ਪਦ ਉਨਤੀ ਕੋਟੇ ਦੀਆਂ ਅਸਾਮੀਆਂ ਵਿੱਚੋਂ 37.5 ਪ੍ਰਤੀਸ਼ਤ ਇਨਸਪੈਕਟਰਾਂ ਵਿੱਚੋਂ ਅਤੇ 12.5 ਪ੍ਰਤੀਸ਼ਤ ਮਨਿਸਟੀਰੀਅਲ ਸਟਾਫ ਵਿੱਚੋਂ ਪਦ ਉਨਤੀਆਂ ਕੀਤੀਆਂ ਜਾਂਦੀਆਂ ਹਨ;

ਅ) ਕੀ ਇਹ ਵੀ ਠੀਕ ਹੈ ਕਿ ਸਾਲ 2012 ਵਿੱਚ ਸਰਕਾਰ ਨੇ ਮਨਿਸਟਰੀਅਲ ਸਟਾਫ ਨੂੰ ਪੱਦ ਉਨਤੀ ਦਾ ਵੱਖਰਾ ਚੈਨਲ ਦਿੱਤੇ ਬਿਨਾ ਹੀ ਉਨ੍ਹਾਂ ਦੇ ਹਿੱਸੇ ਦਾ 12.5 ਪ੍ਰਤੀਸ਼ਤ ਕੋਟਾ ਇਨਸਪੈਕਟਰਾਂ ਨੂੰ ਦੇ ਦਿੱਤਾ ਸੀ;

ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਇਸ ਦੇ ਕੀ ਕਾਰਨ ਹਨ; ਜਦੋਂ ਕਿ ਵੱਖ-ਵੱਖ ਵਿਭਾਗਾਂ ਵਿੱਚ ਅਜਿਹੀ ਪਦ ਉਨਤੀ ਦਾ ਕੋਟਾ ਮੌਜੂਦ ਹੈ,

ਸ) ਕੀ ਸਰਕਾਰ ਮਨਿਸਟਰੀਅਲ ਸਟਾਫ ਦੇ ਹਿੱਸੇ ਦੀ ਈ.ਟੀ.ਓ. ਦੀ ਪਦ ਉਨਤੀ ਲਈ 12.5 ਪ੍ਰਤੀਸ਼ਤ ਕੋਟਾ ਮੁੜ ਬਹਾਲ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਰੱਖਦੀ ਹੈ ਤਾਂ ਇਹ ਕਦੋਂ ਤੱਕ ਬਹਾਲ ਕਰ ਦਿੱਤਾ ਜਾਵੇਗਾ?

**ਗੈਰ ਜਮੀਨੇ ਮਜਦੂਰਾਂ ਅਤੇ ਐਸ.ਸੀ. ਵਰਗ ਦੇ ਲੋਕਾਂ ਦਾ ਕਰਜਾ ਮਾਫ ਕਰਨਾ**

615. **ਸ਼੍ਰੀ ਅੰਗਦ ਸਿੰਘ, ਐਮ.ਐਲ.ਏ.** :- ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਜਿਨ੍ਹਾ ਗੈਰ ਜ਼ਮੀਨੇ ਮਜ਼ਦੂਰਾਂ ਅਤੇ ਐਸ.ਸੀ. ਵਰਗ ਦੇ ਲੋਕਾਂ ਨੇ ਕੋਆਪ੍ਰੇਟਿਵ ਬੈਂਕ, ਸੁਸਾਇਟੀਆਂ ਤੋਂ 25000 ਤੱਕ ਦਾ ਕਰਜ਼ਾ ਲਿਆ ਹੈ ਉਨ੍ਹਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ;

ਅ) ਕੀ ਕਰੋਨਾ ਮਹਾਂਮਾਰੀ ਦੋਰਾਨ ਆਰਥਿਕ ਪੱਖੋਂ ਕਮਜੋਰ ਹੋਏ ਇਹਨਾਂ ਗਰੀਬ ਪਰਿਵਾਰਾਂ ਦਾ ਕਰਜਾ ਮਾਫ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਰਾਜ ਦੇ ਅਸੁੱਰਖਿਅਤ ਸਕੂਲਾਂ ਅਤੇ ਕਮਰਿਆਂ ਦੀ ਜਗ੍ਹਾ ਨਵੇਂ ਕਮਰੇ ਬਣਾਉਣਾ**

616. **ਸ਼੍ਰੀ ਅਮਨ ਅਰੋੜਾ, ਐਮ.ਐਲ.ਏ.** :- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਇਸ ਸਮੇਂ ਰਾਜ ਵਿੱਚ ਕਿੰਨੇ ਸਕੂਲਾਂ ਦੇ ਕਿੰਨੇ ਕਮਰੇ ਅਸੁਰੱਖਿਅਤ ਹਨ;

ਅ) ਸਾਲ 2017-18, 2018-19, 2019-20 ਅਤੇ 2020-21 ਦੋਰਾਨ ਕਿੰਨੇ ਸਕੂਲ ਅਤੇ ਕਿੰਨੇ ਕਮਰੇ ਅਸੁਰੱਖਿਅਤ ਘੋਸ਼ਿਤ ਕੀਤੇ ਗਏ ਹਨ, ਇਨ੍ਹਾਂ ਅਸੁਰੱਖਿਅਤ ਕਲਾਸ ਰੂਮਾਂ ਦੀ ਜਗ੍ਹਾ ਤੇ ਕਿੰਨੇ ਪੈਸਿਆਂ ਨਾਲ ਕਿੰਨੇ ਨਵੇਂ ਕਮਰੇ ਬਣਾਏ ਜਾ ਚੁੱਕੇ ਹਨ ਅਤੇ ਕਿੰਨਾ ਪੈਸਾ ਵਾਧੂ ਕਲਾਸ ਰੂਮ ਬਣਾਉਣ ਉਪਰ ਖਰਚ ਕੀਤਾ ਜਾ ਚੁੱਕਾ ਹੈ;

ੲ) ਇਸ ਸਮੇਂ ਪੰਜਾਬ ਰਾਜ ਦੇ ਸਕੂਲਾਂ ਨੂੰ ਬੱਚਿਆਂ ਦੀ ਨਫਰੀ ਮੁਤਾਬਿਕ ਕੁੱਲ ਕਿੰਨੇ ਕਮਰੇ ਕਿੰਨੀ ਲਾਗਤ ਨਾਲ ਚਾਹੀਦੇ ਹਨ ਅਤੇ ਸਰਕਾਰ ਇਸ ਟੀਚੇ ਨੂੰ ਕਦੋਂ ਤੱਕ ਪੂਰਾ ਕਰਨ ਦੀ ਮਨਸ਼ਾ ਰੱਖਦੀ ਹੈ?

**ਪੰਜਾਬ ਸਰਕਾਰ ਵਲੋਂ ਕਰਜੇ ਹੇਠ ਦੱਬੇ ਛੋਟੇ ਕਿਸਾਨਾਂ ਜਮੀਨ ਰਹਿਤ ਖੇਤ ਮਜਦੂਰਾਂ ਨੂੰ ਕਰਜਾ ਰਹਿਤ ਰਾਸ਼ੀ ਦੇਣਾ**

617. **ਸ਼੍ਰੀ ਅਮਨ ਅਰੋੜਾ, ਐਮ.ਐਲ.ਏ.** :- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਾਲ 2017-18, 2018-19, 2019-20 ਅਤੇ 2020-21 ਦੋਰਾਨ ਪੰਜਾਬ ਸਰਕਾਰ ਵੱਲੋਂ ਕਰਜ਼ੇ ਹੇਠ ਦੱਬੇ ਹੋਏ ਕਿੰਨੇ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ, ਜ਼ਮੀਨ ਰਹਿਤ ਖੇਤ ਮਜ਼ਦੂਰਾਂ ਨੂੰ ਅਤੇ ਆਤਮ ਹੱਤਿਆਵਾਂ ਤੋਂ ਪ੍ਰਭਾਵਿਤ ਕਿੰਨੇ ਪਰਿਵਾਰਾਂ ਲਈ ਸਾਲ ਦਰ ਸਾਲ ਕਿੰਨੀ ਰਾਸ਼ੀ ਕਰਜ਼ਾ ਰਾਹਤ ਵੱਜੋਂ ਦਿੱਤੀ ਗਈ ਹੈ?

**ਹਲਕਾ ਜਗਰਾਓਂ ਦੇ ਵਿਕਾਸ ਕਾਰਜਾਂ ਲਈ ਆਈ ਗ੍ਰਾਟ ਦੇ ਵੇਰਵੇ**

621. **ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ,ਐਮ.ਐਲ.ਏ.**:- ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਜਗਰਾਓਂ ਦੇ ਵਿਕਾਸ ਕਾਰਜਾਂ ਲਈ ਮਿਤੀ 01 ਅਪ੍ਰੈਲ 2017 ਤੋਂ ਹੁਣ ਤੱਕ ਕਿੰਨੀ ਗਰਾਂਟ ਰਾਜ ਸਰਕਾਰ ਨੂੰ ਕੇਂਦਰ ਸਰਕਾਰ ਦੁਆਰਾ ਜਾਰੀ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਖਾਣ ਪੀਣ ਦੀਆ ਵਸਤਾਂ ਵਿੱਚ ਮਿਲਾਵਟ ਖੋਰੀ ਦੇ ਵੇਰਵੇ**

622. **ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ,ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਾਲ 2017,2018,2019 ਅਤੇ 2020 (ਹੁਣ ਤੱਕ) ਫੂਡ ਐਂਡ ਡਰੱਗ ਅਥਾਰਟੀ ਪੰਜਾਬ ਜਾਂ ਕਿਸੇ ਹੋਰ ਸਰਕਾਰੀ ਮਹਿਕਮੇ ਵੱਲੋਂ ਖਾਣ ਪੀਣ ਦੀਆਂ ਵਸਤਾਂ ਵਿੱਚ ਮਿਲਾਵਟ ਖੋਰੀ ਫੜਨ ਦੇ ਮਕਸਦ ਨਾਲ ਕਿੰਨੇ ਸੈਂਪਲ ਭਰੇ ਗਏ ਹਨ;

ਅ) ਇਹਨਾਂ ਵਿੱਚੋਂ ਕਿੰਨਿਆਂ ਤੋਂ ਕਿੰਨੀ ਕੁੱਲ ਘੱਟੋ-ਘੱਟ ਤੇ ਵੱਧੋ-ਵੱਧ ਜੁਰਮਾਨੇ ਦੀ ਰਾਸ਼ੀ ਵਸੂਲ ਕੀਤੀ ਗਈ ਹੈ, ਵੇਰਵੇ ਸਹਿਤ ਦੱਸਿਆ ਜਾਵੇ;

ੲ) ਅਸੁਰੱਖਿਅਤ ਪਾਈਆਂ ਗਈਆਂ ਵਸਤੂਆਂ ਲਈ ਕਾਨੂੰਨ ਵਿੱਚ ਸਜਾ ਤੇ ਜੁਰਮਾਨੇ ਦੇ ਕੀ-ਕੀ ਪ੍ਰਾਵਧਾਨ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਰੂਪਨਗਰ ਤੋਂ ਵੱਖ-ਵੱਖ ਰੂਟਾਂ ਨੂੰ ਜਾਂਦੀਆਂ ਬੱਸਾਂ ਦੇ ਵੇਰਵੇ**

628. **ਸਰਦਾਰ ਅਮਰਜੀਤ ਸਿੰਘ ਸੰਦੋਆ,ਐਮ.ਐਲ.ਏ.**:- ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰੂਪਨਗਰ ਤੋਂ ਨੂਰਪੁਰ ਬੇਦੀ, ਰੂਪਨਗਰ ਤੋਂ ਨੰਗਲ ਵਾਇਆ ਨੂਰਪੁਰ ਬੇਦੀ ਅਤੇ ਰੂਪਨਗਰ ਤੋਂ ਪੁਰਖਾਲੀ/ਮੀਆਂਪੁਰ ਨੂੰ ਕਿੰਨੀਆਂ ਸਰਕਾਰੀ ਬੱਸਾਂ ਚੱਲਦੀਆਂ ਹਨ, ਉਨ੍ਹਾਂ ਦੇ ਕੀ ਵੇਰਵੇ ਹਨ;

ਅ) ਕੀ ਇਨ੍ਹਾਂ ਰੂਟਾਂ ਉੱਤੇ ਹੋਰ ਬੱਸਾਂ ਚਲਾਉਣ ਦਾ ਪ੍ਰਸਤਾਵ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸਦੇ ਵੇਰਵੇ ਦਿੱਤੇ ਜਾਣ?

**ਹਲਕਾ ਜਗਰਾਓਂ ਦੇ NH 95 ਹਾਈਵੇ ਤੇ ਬਣੇ ਪੁੱਲ ਦੀ ਮੁਰੰਮਤ ਕਰਨਾ**

623. **ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ,ਐਮ.ਐਲ.ਏ.**:- ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕਿ ਇਹ ਠੀਕ ਹੈ ਕਿ ਹਲਕਾ ਜਗਰਾਓਂ ਦੇ ਅੰਦਰ NH 95 ਹਾਈਵੇ ਤੇ ਬਣਿਆ ਪੁੱਲ ਜ਼ੋ ਕਿ ਜਗਰਾਓਂ ਵਿੱਚ ਬਣਿਆ ਹੋਇਆ ਹੈ; ਜਿਸ ਦਾ ਕੰਮ ਪੂਰੀ ਤਰਾਂ ਮੁਕੰਮਲ ਹੋ ਚੁੱਕਾ ਹੈ; ਪ੍ਰੰਤੂ ਹਾਲੇ ਵੀ ਇਸ ਦੀ ਹਾਲਤ ਖਸਤਾ ਹੈ;

ਅ) ਜੇਕਰ ਉੱਤਰ ਹਾਂ ਵਿੱਚ ਹੈ ਤਾਂ ਦੱਸਿਆ ਜਾਵੇ ਕਿ ਇਸ ਦੀ ਮੁਕੰਮਲ ਮੁਰੰਮਤ ਕਦੋਂ ਤੱਕ ਕੀਤੀ ਜਾਵੇਗੀ?

ਚੰਡੀਗੜ੍ਹ
ਮਿਤੀ 03 ਮਾਰਚ, 2021

ਸੁਪਰਡੰਟ
ਪੰਜਾਬ ਵਿਧਾਨ ਸਭਾ

**ਸ਼ਸ਼ੀ ਲਖਨਪਾਲ ਮਿਸ਼ਰਾ,**
**ਸਕੱਤਰ,**
**ਪੰਜਾਬ ਵਿਧਾਨ ਸਭਾ।**